# ਗੁਰੂ ਗ੍ਰੰਥ ਸਾਹਿਬ ਵਿਚ ਕਾਲ / ਮੌਤ ਦਾ ਸੰਕਲਪ

(ਭਾਰਤੀ ਲੋਕਾਇਤ ਅਤੇ ਵੇਦਾਂਤ ਦਾ ਪਰਿਪੇਖ)

ਗੁਰੂ ਗ੍ਰੰਥ ਸਾਹਿਬ, ਸਿੱਖ ਵਿਰਸੇ ਦਾ ਅਦੁੱਤੀ ਪਾਵਨ ਗ੍ਰੰਥ ਹੈ। ਇਸ ਵਿਚ ਗੁਰੂ-ਵਿਅਕਤੀਆਂ ਦੀ ਬਾਣੀ ਤੋਂ ਇਲਾਵਾ ਮੱਧਕਾਲ ਦੇ ਪ੍ਰਮੁੱਖ ਸੰਤਾਂ, ਭਗਤਾਂ, ਭੱਟਾਂ ਅਤੇ ਸੂਫ਼ੀ ਸੰਤ ਬਾਬਾ ਫ਼ਰੀਦ ਦੀ ਬਾਣੀ ਵੀ ਸ਼ਾਮਿਲ ਹੈ ਜੋ ਭਾਰਤ ਦੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ, ਭਾਸ਼ਾਈ ਖੇਤਰੀ ਸੱਭਿਆਚਾਰਾਂ, ਧਰਮ-ਸੰਪ੍ਰਦਾਵਾਂ ਅਤੇ ਜਾਤ-ਬਰਾਦਰੀਆਂ ਨਾਲ ਸੰਬੰਧਿਤ ਹਨ। ਇਸ ਮਹਾ-ਗ੍ਰੰਥ ਦੇ ਸਮੂਹ ਬਾਣੀਕਾਰ ਮੱਧਕਾਲੀਨ ਭਾਰਤ ਦੇ ਉਨ੍ਹਾਂ ਕ੍ਰਾਂਤੀਕਾਰੀ ਧਰਮ-ਪ੍ਰਵਰਤਕਾਂ ਵਿਚੋਂ ਹਨ ਜਿਨ੍ਹਾਂ ਨੇ ਆਪਣੇ ਉਦਾਰ ਮਾਨਵਵਾਦੀ ਪ੍ਰਵਚਨ ਰਾਹੀਂ ਸਭਿਆਚਾਰਕ ਜਾਗ੍ਰਿਤੀ ਦੀ ਲਹਿਰ ਨੂੰ ਸੰਗਠਿਤ ਕਰਨ ਦਾ ਉਪਰਾਲਾ ਕੀਤਾ। 12ਵੀਂ ਸਦੀ ਈਸਵੀ ਤੋਂ ਲੈਕੇ 17ਵੀਂ ਸਦੀ ਈਸਵੀ ਦੇ ਲੰਮੇ ਵਿਸਤਾਰ ਵਿਚ ਫੈਲੀ ਹੋਈ ਇਸ ਸਮੁੱਚੀ ਰਚਨਾ ਵਿਚ ਮਾਨਵੀ ਸਰੋਕਾਰਾਂ, ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਦੀ ਡੂੰਘੀ ਸਮਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਇਸਦਾ ਇਹ ਸਮਾਨ ਦ੍ਰਿਸ਼ਟੀਕੋਣ ਹੀ ਇਸ ਵਿਚਲੀ ਅੰਦਰੂਨੀ ਏਕਤਾ ਦਾ ਆਧਾਰ ਹੈ ਜਿਸਦੇ ਸਾਮ੍ਹਣੇ ਸਮੂਹ ਖੇਤਰੀ, ਭਾਸ਼ਾਈ ਅਤੇ ਸੱਭਿਆਚਾਰਕ ਵਖਰੇਵੇਂ ਮਹੱਤਵਹੀਣ ਹੋ ਨਿਬੜਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਸਿਰਜਿਤ ਪ੍ਰਵਚਨ ਸ਼ਾਇਰੀ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ / ਸਰੋਤੇ ਨੂੰ ਸੰਬੋਧਿਤ ਹੁੰਦਾ ਹੈ ਅਤੇ ਮਾਨਵੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਂਦਾ ਹੈ। ਇਸਦਾ ਸਿਰਜਿਤ ਪ੍ਰਵਚਨ ਭਾਵੇਂ ਮੂਲ ਰੂਪ ਵਿਚ ਦਾਰਸ਼ਨਿਕ ਚਿੰਤਨ ਨਾਲ ਸੰਬੰਧਿਤ ਹੈ ਪਰ ਇਹ ਦਰਸ਼ਨ-ਸ਼ਾਸਤਰ ਵਾਂਗ ਵਿਚਾਰਾਂ ਅਤੇ ਸੰਕਲਪਾਂ ਦਾ ਅਮੂਰਤ ਸੰਗਠਨ ਨਹੀਂ ਉਸਾਰਦਾ ਸਗੋਂ ਰੂਹਾਨੀ ਅਨੁਭਵ ਅਤੇ ਬੋਧ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਨ ਵਲ ਰੁਚਿਤ ਹੰਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਮਨੱਖੀ ਜੀਵਨ ਦੇ ਯਥਾਰਥ ਨੂੰ ਪਰਮਾਰਥ ਦੇ ਮੁਹਾਵਰੇ ਰਾਹੀਂ ਸੰਬੋਧਿਤ ਹੁੰਦਾ ਹੈ ਅਤੇ ਅਰਥਾਂ ਦਾ ਬਹੁ-ਪਾਸਾਰੀ ਸੰਗਠਨ ਉਸਾਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਰਜਿਤ ਪ੍ਰਵਚਨ ਦੀ ਦੂਸਰੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਸਮਕਾਲੀ ਅਤੇ ਪੂਰਬਕਾਲੀ ਦਾਰਸ਼ਨਿਕ ਵਿਰਸੇ ਨਾਲ ਸੰਵਾਦ ਰਚਾਉਂਦਾ ਹੈ ਅਤੇ ਆਪਣੀ ਵਿਲੱਖਣ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਦਾ ਮੁਹਾਂਦਰਾ ਉਲੀਕਦਾ ਹੈ। ਇਸ ਵਿਚ ਪੇਸ਼ ਹੋਏ ਸਮੂਹ ਸੰਕਲਪ ਇਸੇ ਕਿਸਮ ਦੀ ਸੰਵਾਦੀ ਸਥਿਤੀ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ। ਹਥਲੇ ਪਰਚੇ ਵਿਚ ਸਾਡਾ ਸਰੋਕਾਰ ਇਸ ਪਾਵਨ ਗ੍ਰੰਥ ਵਿਚ ਪੇਸ਼ ਹੋਏ ਕਾਲ / ਮੌਤ ਦੇ ਸੰਕਲਪ ਦੀ ਵਿਆਖਿਆ ਕਰਨ ਅਤੇ ਇਸਨੂੰ ਭਾਰਤੀ ਦਰਸ਼ਨ (ਖ਼ਾਸ ਤੌਰ ਤੇ ਲੋਕਾਇਤ ਅਤੇ ਵੇਦਾਂਤ) ਦੇ ਪਰਿਪੇਖ ਵਿਚ ਰੱਖ ਕੇ ਵਾਚਣ ਨਾਲ ਹੈ।

ਕਾਲ ਅਤੇ ਮੌਤ ਰੋਜ਼ਾਨਾ ਜੀਵਨ ਵਿਚ ਵਰਤੇ ਜਾਣ ਵਾਲੇ ਸ਼ਬਦ ਹਨ। ਸਾਧਰਣ ਕੋਸ਼ਗਤ ਅਰਥਾਂ ਅਨੁਸਾਰ **ਕਾਲ** ਦਾ ਅਰਥ ਹੈ 'ਸਮਾਂ ਜਾਂ ਵੇਲਾ' ਅਤੇ **ਮੌਤ** ਦਾ ਅਰਥ ਹੈ 'ਜੀਵਨ ਦਾ ਅੰਤ'। ਵਿਗਿਆਨਕ ਦ੍ਰਿਸ਼ਟੀ ਅਨੁਸਾਰ ਕਾਲ ਦ੍ਰਿਸ਼ਟਮਾਨ ਸੰਸਾਰ ਜਾਂ ਭੌਤਿਕ ਜਗਤ ਦੀ ਹੋਂਦ-ਵਿਧੀ ਦਾ ਸੁਭਾਵਕ ਗੁਣ ਹੈ ਜਿਸਨੂੰ ਦੇਸ-ਕਾਲ (space-time) ਦੀ ਨਿਰੰਤਰਤਾ ਦੇ ਅੰਤਰਗਤ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸੰਸਾਰ ਦੀ ਹਰ ਸ਼ੈਅ ਸਮੇਂ ਅਤੇ ਸਥਾਨ ਵਿਚ ਹੀ ਆਪਣੀ ਹੋਂਦ ਰੱਖਦੀ ਹੈ, ਇਸੇ ਵਿਚ ਹੀ ਉਪਜਦੀ ਹੈ ਅਤੇ ਬਿਨਸ ਜਾਂਦੀ ਹੈ। ਇਥੇ ਸਾਡਾ ਸਰੋਕਾਰ ਕਾਲ ਅਤੇ ਮੌਤ ਦੇ ਇਨ੍ਹਾਂ ਸਾਧਾਰਣ ਕੋਸ਼ਗਤ ਅਰਥਾਂ ਜਾਂ ਵਿਗਿਆਨਕ ਅਰਥਾਂ ਨਾਲ ਨਹੀਂ ਸਗੋਂ ਧਰਮ ਅਤੇ ਦਰਸ਼ਨ ਦੇ ਖੇਤਰ ਵਿਚ ਇਨ੍ਹਾਂ ਦੀ ਸੰਕਲਪਗਤ ਵਰਤੋਂ ਨਾਲ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਾਲ ਸ਼ਬਦ ਦੀ ਵਰਤੋਂ ਸਮੇਂ ਅਤੇ ਮੌਤ ਦੋਹਾਂ ਅਰਥਾਂ

ਵਿਚ ਕੀਤੀ ਗਈ ਹੈ। ਮਹਾਨ ਕੋਸ਼ ਦੇ ਕਰਤਾ ਕਾਹਨ ਸਿੰਘ ਨਾਭਾ ਨੇ ਗੁਰਬਾਣੀ ਦੇ ਹਵਾਲੇ ਨਾਲ ਕਾਲ ਦੇ ਇਨ੍ਹਾਂ ਦੋਹਾਂ ਪ੍ਰਧਾਨ ਅਰਥਾਂ ਵਲ ਸੰਕੇਤ ਕੀਤਾ ਹੈ।[1] ਮਹੱਤਵਪੂਰਣ ਗੱਲ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਾਲ ਦੇ ਸੰਕਲਪ ਨੂੰ ਮਨੁੱਖੀ ਹੋਂਦ ਦੇ ਸਮੱਸਿਆਕਾਰ ਨਾਲ ਜੋੜ ਕੇ ਗ੍ਰਹਿਣ ਕੀਤਾ ਗਿਆ ਹੈ ਅਤੇ ਇਸਦੇ ਆਲੇ ਦੁਆਲੇ ਮਾਨਵ-ਮੁਕਤੀ ਦਾ ਦਾਰਸ਼ਨਿਕ ਸੰਦਰਭ ਉਸਾਰਿਆ ਗਿਆ ਹੈ। ਅਜਿਹੀ ਸਥਿਤੀ ਵਿਚ ਕਾਲ / ਮੌਤ ਦੇ ਸੰਕਲਪ ਨੂੰ ਇਸੇ ਦਾਰਸ਼ਨਿਕ ਪ੍ਰਸੰਗ ਵਿਚ ਰੱਖ ਕੇ ਵਾਚਣਾ ਜ਼ਰੂਰੀ ਹੈ। ਬਾਣੀਕਾਰਾਂ ਦੇ ਕਾਲ ਸੰਬੰਧੀ ਚਿੰਤਨ ਅਤੇ ਚੇਤਨਾ ਦੇ ਪਿਛੋਕੜ ਵਿਚ ਭਰਤੀ ਦਰਸ਼ਨ ਦੀ ਸਮੁੱਚੀ ਪਰੰਪਰਾ ਕਾਰਜਸ਼ੀਲ ਹੈ ਜਿਸ ਨਾਲ ਸਿਰਜਣਾਤਮਕ ਸੰਵਾਦ ਰਚਾ ਕੇ ਉਹ ਇਸ ਸੰਕਲਪ ਨੂੰ ਪਰਿਭਾਸ਼ਿਤ ਅਤੇ ਪੁਨਰ-ਪਰਿਭਾਸ਼ਿਤ ਕਰਦੇ ਹਨ। ਇਸ ਲਈ ਵਿਚ ਸੱਭ ਤੋਂ ਪਹਿਲਾਂ ਭਾਰਤੀ ਚਿੰਤਨ ਦੀ ਇਸ ਦਾਰਸ਼ਨਿਕ ਪਰੰਪਰਾ ਦਾ ਲੇਖਾ-ਜੋਖਾ ਕਰਨਾ ਬਣਦਾ ਹੈ।

ਭਾਰਤੀ ਦਾਰਸ਼ਨਿਕ ਚਿੰਤਨ ਦੇ ਇਤਿਹਾਸ ਵਿਚ ਪ੍ਰਾਚੀਨ ਕਾਲ ਤੋਂ ਦੋ ਸਮਾਨੰਤਰ ਪਰੰਪਰਾਵਾਂ ਪ੍ਰਵਾਹਿਤ ਰਹੀਆਂ ਹਨ। ਇਕ ਪਰੰਪਰਾ ਲੋਕ-ਜੀਵਨ ਦੇ ਯਥਾਰਥ ਤੋਂ ਪ੍ਰੇਰਣਾ ਗ੍ਰਹਿਣ ਕਰਨ ਵਾਲੀ ਲੋਕ ਜਾਂ ਲੋਕਾਇਤ ਦੀ ਪਰੰਪਰਾ ਹੈ ਅਤੇ ਦੂਸਰੀ ਵੈਦਿਕ ਚਿੰਤਨ ਅਤੇ ਚੇਤਨਾ ਨੂੰ ਆਪਣਾ ਪ੍ਰੇਰਣਾ-ਸਰੋਤ ਬਣਾਉਣ ਵਾਲੀ ਵੇਦ ਜਾਂ ਵੇਦਾਂਤ ਦੀ ਪਰੰਪਰਾ ਹੈ। ਇਨ੍ਹਾਂ ਦੋਹਾਂ ਨੇ ਜੀਵਨ ਅਤੇ ਜਗਤ ਬਾਰੇ ਅਤੇ ਮਨੁੱਖੀ ਹੋਂਦ ਦੇ ਮਸਲਿਆਂ ਬਾਰੇ ਵਿਭਿੰਨ ਦ੍ਰਿਸ਼ਟੀਕੋਣ ਪ੍ਰਸਤੁਤ ਕੀਤੇ ਹਨ। ਇਨ੍ਹਾਂ ਦੋਹਾਂ ਸਮਾਨੰਤਰ ਪਰੰਪਰਾਵਾਂ ਦੀਆਂ ਅਪੋ ਅਪਣੀਆਂ ਪੂਰਬ-ਧਾਰਣਾਵਾਂ ਅਤੇ ਦਾਰਸ਼ਨਿਕ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਨੂੰ ਨਿਮਨ-ਅੰਕਿਤ ਸਾਰਣੀ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ :

**ਭਾਰਤੀ ਦਰਸ਼ਨ ਦੀ ਪਰੰਪਰਾ**

(1) ਵੇਦ-ਵਿਰੋਧੀ (ਨਾਸਤਿਕ/ਅਨੀਸ਼ਵਰਵਾਦੀ)    (2) ਵੇਦ-ਅਨੁਕੂਲ (ਆਸਤਿਕ/ਈਸ਼ਵਰਵਾਦੀ)

(ਚਾਰਵਾਕ, ਬੌਧ ਅਤੇ ਜੈਨ)    ।

– – – – – – ।

।    ।

(ੳ) ਵੈਦਿਕ ਵਿਚਾਰਾਂ ਤੋਂ ਉਤਪੰਨ    (ਅ) ਲੌਕਿਕ ਵਿਚਾਰਾਂ ਤੋਂ ਉਤਪੰਨ

(ਮੀਮਾਂਸਾ, ਵੇਦਾਂਤ)    (ਸਾਂਖ, ਯੋਗ, ਨਿਆਇ, ਵਿਸ਼ੇਸ਼ਕ)

। – – – – – – –

(ੲ) ਕਰਮਕਾਂਡ ਤੇ ਆਧਾਰਿਤ (ਮੀਮਾਂਸਾ) – (ਸ) ਗਿਆਨ-ਕਾਂਡ ਤੇ ਆਧਾਰਿਤ (ਵੇਦਾਂਤ)

ਭਾਰਤੀ ਦਾਰਸ਼ਨਿਕ ਪਰੰਪਰਾਵਾਂ ਵਿਚੋਂ ਲੋਕਾਇਤ (ਜਾਂ ਚਾਰਵਾਕ) ਦੀ ਪਰੰਪਰਾ ਮੁਕਾਬਲਤਨ ਵਧੇਰੇ ਪ੍ਰਾਚੀਨ ਹੈ। ਸਿੰਧ-ਘਾਟੀ ਦੀ ਪੁਰਾਤਨ ਸਭਿਅਤਾ ਦੇ ਅਵਸ਼ੇਸ਼ਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸਦਾ ਆਰੰਭ ਪੂਰਬ-ਵੈਦਿਕ ਕਾਲ ਵਿਚ ਹੀ ਹੋ ਚੁੱਕਿਆ ਸੀ। ਭਾਰਤੀ ਦਰਸ਼ਨ ਦੇ ਉੱਘੇ ਸਮਕਾਲੀ ਵਿਦਵਾਨ ਦੇਬੀ ਪ੍ਰਸਾਦ ਚਟੋਪਾਧਿਆਇ ਅਨੁਸਾਰ ਚਾਰਵਾਕ / ਲੋਕਾਇਤ ਮਤ ਭਾਰਤੀ ਦਰਸ਼ਨ ਦੀਆਂ ਪ੍ਰਾਚੀਨਤਮ ਦਾਰਸ਼ਨਿਕ ਸੰਪ੍ਰਦਾਵਾਂ ਵਿਚੋਂ ਹੈ। ਇਸਦੀ ਪ੍ਰਮੁੱਖ ਵਿਸ਼ੇਸ਼ਤਾ

---

[1] ਕਾਲ ; ਸੰਗਯਾ - ਸਮਾਂ, ਵੇਲਾ. " ਹਰਿ ਸਿਮਰਤ ਕਾਟੈ ਕਾਲ" (ਬਿਲਾਵਲ ਮ:5) ਦੇਖੋ, ਕਾਲ ਪ੍ਰਮਾ। 2.ਮ੍ਰਿਤਯੂ. ਮੌਤ. "ਕਾਲ ਕੈ ਫਾਸਿ ਸਕਤ ਸਰੁ ਸਾਂਧਿਆ." ਮਹਾਨ ਕੋਸ਼, ਪੰਨਾ - 1081.

ਵੇਦ ਅਤੇ ਬ੍ਰਾਹਮਣ ਦੀ ਸਰਦਾਰੀ ਦੇ ਖ਼ਿਲਾਫ਼ ਵਿਦਰੋਹ ਹੈ।[2] ਇਸੇ ਤਰ੍ਹਾਂ ਅਵੁਲਾ ਸੰਬਾਸਿਵ ਰਾਉ ਨੇ ਆਪਣੀ ਪੁਸਤਕ The Materialistic Thought In India ਵਿਚ ਭਾਰਤੀ ਦਰਸ਼ਨ ਦੀ ਭੌਤਿਕਵਾਦੀ ਪਰੰਪਰਾ ਬਾਰੇ ਗੱਲ ਕਰਦਿਆਂ ਆਖਿਆ ਹੈ ਕਿ ਇਹ ਪਰੰਪਰਾ ਇਥੋਂ ਦੀਆਂ ਪ੍ਰਾਚੀਨਤਮ ਦਾਰਸ਼ਨਿਕ ਪਰੰਪਰਾਵਾਂ ਵਿਚੋਂ ਹੈ। ਪਰ ਬਦਕਿਸਮੀ ਨੂੰ ਵੇਦਾਂ ਅਤੇ ਈਸ਼ਵਰਵਾਦੀ ਵਿਚਾਰਾਂ ਦਾ ਵਿਰੋਧ ਕਰਨ ਵਾਲੇ ਚਿੰਤਕਾਂ ਦੀਆਂ ਰਚਨਾਵਾਂ ਜਾਂ ਤਾਂ ਗੁੰਮ ਗੁਆਚ ਗਈਆਂ ਅਤੇ ਜਾਂ ਵਿਰੋਧੀਆਂ ਵਲੋਂ ਤਬਾਹ ਕਰ ਦਿੱਤੀਆਂ ਗਈਆਂ।[3] ਇਸ ਪਰੰਪਰਾ ਵਿਚ ਮੁੱਖ ਤੌਰ ਤੇ ਚਾਰਵਾਕ, ਜੈਨ ਅਤੇ ਬੌਧ ਦਰਸ਼ਨ ਸ਼ਾਮਿਲ ਹਨ। ਇਹ ਤਿੰਨੇ ਮਤ ਅਨੀਸ਼ਵਰਵਾਦੀ ਹਨ ਅਤੇ ਨਾਸਤਿਕ ਵੀ। ਨਾਸਤਿਕ ਇਸ ਲਈ ਕਿ ਇਹ ਵੇਦਾਂ ਨੂੰ ਪ੍ਰਮਾਣ ਨਹੀਂ ਮੰਨਦੇ ਅਤੇ ਅਨੀਸ਼ਵਰਵਾਦੀ ਇਸ ਲਈ ਕਿ ਇਨ੍ਹਾਂ ਦੀ ਕਿਸੇ ਪਰਮ ਪਰਾਤਪਰ ਦੈਵੀ ਹੋਂਦ (ਬ੍ਰਹਮ ਜਾਂ ਈਸ਼ਵਰ) ਵਿਚ ਕੋਈ ਆਸਥਾ ਨਹੀਂ। ਉਹ ਦਿੱਵਤਾ ਦੇ ਹਵਾਲੇ ਤੋਂ ਬਿਨਾ ਹੀ ਮਨੁੱਖੀ ਜੀਵਨ ਅਤੇ ਜਗਤ ਦੀ ਵਿਆਖਿਆ ਪੇਸ਼ ਕਰਦੇ ਹਨ। ਇਸੇ ਲਈ ਇਨ੍ਹਾਂ ਨੂੰ ਭੌਤਿਕਵਾਦੀ (materialist) ਦਾਰਸ਼ਨਿਕ ਸੰਪ੍ਰਦਾਵਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

ਇਸ ਭੌਤਿਕਵਾਦੀ ਦਾਰਸ਼ਨਿਕ ਪਰੰਪਰਾ ਦਾ ਭਰਪੂਰ ਵਿਕਾਸ ਵੈਦਿਕ ਕਾਲ ਵਿਚ ਹੀ ਸਾਮ੍ਹਣੇ ਆਇਆ। ਇਸ ਬਾਰੇ ਵੇਦਾਂ, ਉਪਨਿਸ਼ਦਾਂ, ਬੌਧ ਧਰਮਗ੍ਰੰਥਾਂ, ਪੁਰਾਣਾਂ ਅਤੇ ਦਾਰਸ਼ਨਿਕ ਗ੍ਰੰਥਾਂ ਵਿਚ ਜ਼ਿਕਰ ਮਿਲਦਾ ਹੈ। ਇਨ੍ਹਾਂ ਗ੍ਰੰਥਾਂ ਵਿਚ ਇਸ ਪਰੰਪਰਾ ਦਾ ਹਵਾਲਾ ਖੰਡਨੀ ਦ੍ਰਿਸ਼ਟੀ ਤੋਂ ਪੂਰਬ-ਪੱਖ ਵਜੋਂ ਹੋਇਆ ਮਿਲਦਾ ਹੈ। ਹੋਰਨਾਂ ਦਾਰਸ਼ਨਿਕ ਸੰਪ੍ਰਦਾਵਾਂ ਵਾਂਗ ਇਸਦੇ ਸਮਰਥਕਾਂ ਦਾ ਨਾ ਤਾਂ ਕੋਈ ਸੰਗਠਿਤ ਸੰਪ੍ਰਦਾਇ ਅਤੇ ਨਾ ਹੀ ਇਸਦਾ ਕੋਈ ਸੁਤੰਤਰ ਗ੍ਰੰਥ ਹੀ ਸਾਮ੍ਹਣੇ ਆਇਆ। ਪ੍ਰਚੱਲਤ ਰਵਾਇਤ ਅਨੁਸਾਰ ਚਾਰਵਾਕ ਮਤ ਦਾ ਪ੍ਰਵਰਤਕ ਬ੍ਰਹਿਸਪਤੀ ਰਿਸ਼ੀ ਨੂੰ ਮੰਨਿਆਂ ਜਾਂਦਾ ਹੈ। ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਹੇਠ-ਲਿਖੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ। 1. ਜਿਨ੍ਹਾਂ ਵੈਦਿਕ ਰਿਚਾਵਾਂ ਦੇ ਰਚੈਤਾ ਬ੍ਰਹਿਸਪਤੀ ਨੂੰ ਮੰਨਿਆਂ ਜਾਂਦਾ ਹੈ ਉਨ੍ਹਾਂ ਵਿਚ ਵਿਚਾਰਾਂ ਦੀ ਸੁਤੰਤਰਤਾ ਅਤੇ ਵਿਦਰੋਹ ਦੀ ਭਾਵਨਾ ਵਧੇਰੇ ਹੈ। 2. ਮਹਾਭਾਰਤ ਅਤੇ ਰਾਮਾਇਣ ਵਰਗੇ ਗ੍ਰੰਥਾਂ ਵਿਚ ਵੀ ਇਸ ਤੱਥ ਦੇ ਹਵਾਲੇ ਮਿਲਦੇ ਹਨ ਕਿ ਜਨਵਾਦੀ ਵਿਚਾਰਾਂ ਦਾ ਸਮਰਥਨ ਬ੍ਰਹਿਸਪਤੀ ਨੇ ਕੀਤਾ। 3. ਕੁਝ ਵਿਦਵਾਨਾਂ ਦਾ ਕਥਨ ਹੈ ਕਿ ਦੇਵਤਿਆਂ ਦੇ ਗੁਰੂ ਬ੍ਰਹਿਸਪਤੀ ਨੇ ਚਾਰਵਾਕ ਮਤ ਦਾ ਪ੍ਰਚਾਰ ਦੇਵਤਿਆਂ ਦੇ ਦੁਸ਼ਮਣਾਂ ਅਰਥਾਤ ਦਾਨਵਾਂ ਵਿਚ ਕੀਤਾ। ਇਸਦਾ ਮਨੋਰਥ ਉਨ੍ਹਾਂ ਦਾ ਨਾਸ਼ ਕਰਨਾ ਸੀ।

ਚਾਰਵਾਕ ਮਤ ਨੂੰ ਲੋਕਾਇਤ ਮਤ ਵੀ ਆਖਿਆ ਜਾਂਦਾ ਹੈ ਕਿਉਂਕਿ ਇਹ ਲੋਕ-ਜੀਵਨ ਅਤੇ ਲੋਕਧਾਰਾ ਨਾਲ ਸੰਬੰਧਿਤ ਹੈ। ਇਸਦੇ ਅਨੁਸਾਰ ਪ੍ਰਤੱਖ-ਅਨੁਭਵ ਹੀ ਗਿਆਨ ਦਾ ਇਕੋ ਇਕ ਪ੍ਰਮਾਣ ਹੈ। ਸਿਰਫ਼ ਇੰਦਰੀਆਂ ਰਾਹੀਂ ਹੀ ਭਰੋਸੇਯੋਗ ਗਿਆਨ ਪ੍ਰਾਪਤ ਹੋ ਸਕਦਾ ਹੈ। ਉਹ ਅਨੁਮਾਨ ਅਤੇ ਸ਼ਬਦ ਵਰਗੇ ਹੋਰਨਾਂ ਪ੍ਰਮਾਣਾਂ ਦਾ ਖੰਡਨ ਕਰਦੇ ਹਨ।

---

[2] ਦੇਖੋ, Chattopdhyaya, Debiprasad (Ed.) Carvak / Lokayata, Indian Council of Philosophical Research, New Delhi.

[3] “One striking feature of Charvakism was its relentless opposition to Brahmins and its call for rebellion against authority. These two things possibly demonstrate their position outside the public sphere of influence.”

Avula Sambasiva Rao, **The Materialistic Thought In India.** Atheist Centre 1940-1990 Golden Jubilee International Conference Souvenir Vijayawada, February 3, 4, and 5, 1990.

ਇਸਦੇ ਅਨੁਸਾਰ ਮਨ ਅਤੇ ਚੇਤਨਾ ਦਾ ਆਧਾਰ ਭੌਤਿਕ ਹੈ। ਇਹ ਈਸ਼ਵਰ, ਧਰਮ ਅਤੇ ਆਤਮਾ ਵਿਚ ਆਸਥਾ ਨਹੀਂ ਰੱਖਦੇ। ਇਸ ਭੌਤਿਕਵਾਦੀ ਫਲਸਫੇ ਦੀ ਨਿਸ਼ਾਨਦੇਹੀ ਪ੍ਰਕਿਰਤੀਵਾਦ ਜਾਂ ਸੁਭਾਉਵਾਦ (Swabhava vada) ਦੇ ਅੰਤਰਗਤ ਵੀ ਕੀਤੀ ਗਈ ਹੈ।[4] ਇਸਦਾ ਅਰਥ ਇਹ ਹੈ ਕਿ ਸੰਸਾਰ ਦੀ ਹਰ ਸ਼ੈਅ ਆਪਣਾ ਵਿਲੱਖਣ ਸੁਭਾਉ ਜੋ ਵਿਭਿੰਨ ਤੱਤਾਂ ਦੇ ਮਿਸ਼ਰਣ ਉੱਤੇ ਆਧਾਰਿਤ ਹੁੰਦਾ ਹੈ। ਸਾਰ ਰੂਪ ਵਿਚ ਚਾਰਵਾਕ ਦਰਸ਼ਨ ਦੀਆਂ ਬੁਨਿਆਦੀ ਧਾਰਣਾਵਾਂ ਨਿਮਨ-ਅੰਕਿਤ ਹਨ :

1. ਦ੍ਰਿਸ਼ਟਮਾਨ ਜਗਤ ਚਾਰ ਭੌਤਿਕ ਤੱਤਾਂ (ਧਰਤੀ, ਪੌਣ, ਪਾਣੀ ਅਤੇ ਅਗਨੀ) ਦੇ ਮਿਸ਼ਰਣ ਤੋਂ ਬਣਿਆਂ ਹੈ। ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਵਸਤੂ ਦੀ ਹੋਂਦ ਨਹੀਂ ਮੰਨੀ ਜਾ ਸਕਦੀ।
2. ਇਨ੍ਹਾਂ ਤੱਤਾਂ ਦਾ ਗਿਆਨ ਸਾਨੂੰ ਗਿਆਨ-ਇੰਦ੍ਰੀਆਂ ਰਾਹੀਂ ਹੁੰਦਾ ਹੈ।
3. ਪ੍ਰਤੱਖ ਹੀ ਪ੍ਰਮਾਣ ਹੈ - **प्रत्यक्षमेव प्रमाणम्** ।
4. ਚੇਤਨਾ (ਜਾਂ ਆਤਮਾ) ਮਨੁੱਖੀ ਸਰੀਰ ਦਾ ਹੀ ਗੁਣ ਹੈ ਜੋ ਸਰੀਰ ਦੇ ਨਾਲ ਹੀ ਨਸ਼ਟ ਹੋ ਜਾਂਦੀ ਹੈ। ਇਸੇ ਲਈ ਇਹ ਸੁਖਵਾਦ ਦਾ ਸਮਰਥਨ ਕਰਨ ਵਾਲਾ ਫਲਸਫ਼ਾ ਹੈ। ਇਸ ਸੰਬੰਧੀ ਨਿਮਨ-ਅੰਕਿਤ ਸੂਤਰ-ਕਥਨ ਦਾ ਹਵਾਲਾ ਦਿੱਤਾ ਜਾਂਦਾ ਹੈ - 'यावज्जीवे सुखम् जीवेत। ऋणं कृत्व: घृतम पिवेत। भस्मि भूतस्य देहस्य पुर्नागमनम् कुत:' ਅਰਥਾਤ ਜਦੋਂ ਤਕ ਜੀਓ, ਸੁਖ ਨਾਲ ਜੀਓ, ਰਿਣ ਲਵੋ ਅਤੇ ਘਿਉ ਪੀਓ, ਦੇਹ ਨੇ ਤਾਂ ਸੜ ਕੇ ਸੁਆਹ ਹੋ ਜਾਣਾ ਹੈ ਅਤੇ ਮੁੜ ਕਿਸ ਨੇ ਆਉਣਾ ਹੈ।

5. ਮਰਨਾ ਹੀ ਮੁਕਤੀ ਹੈ - **मरणमेव अपवर्ग:** ।

ਚਾਰਵਾਕ / ਲੋਕਾਇਤ ਦਰਸ਼ਨ ਦੀਆਂ ਉਪਰੋਕਤ ਭੌਤਿਕਵਾਦੀ ਧਾਰਣਾਵਾਂ ਨੂੰ ਦ੍ਰਿਸ਼ਟੀਗੋਚਰ ਕਰਦਿਆਂ ਇਸਦੀ ਕਾਲ ਸੰਬੰਧੀ ਸੰਕਲਪਨਾ ਨੂੰ ਵੀ ਸਹਿਜੇ ਹੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸਦੇ ਅਨੁਸਾਰ ਕਾਲ ਜਾਂ ਮੌਤ ਮਨੁੱਖੀ ਦੇਹ ਦੀ ਅੰਤਿਮ ਹੋਣੀ ਅਤੇ ਅਟੱਲ ਵਾਸਤਵਿਕਤਾ ਹੈ। ਇਸ ਤੋਂ ਬਚਣ ਦਾ ਕੋਈ ਉਪਾ ਨਹੀਂ। ਇਸੇ ਲਈ ਇਸਦੇ ਅੰਤਰਗਤ ਮਨੁੱਖੀ ਜੀਵਨ ਦੇ ਚਾਰ ਰਵਾਇਤੀ ਪੁਰਖਾਰਥਾਂ - ਧਰਮ, ਅਰਥ, ਕਾਮ ਅਤੇ ਮੋਖ - ਵਿਚੋਂ ਸਿਰਫ਼ ਅਰਥ ਅਤੇ ਕਾਮ ਨੂੰ ਹੀ ਮਾਨਤਾ ਪ੍ਰਾਪਤ ਹੈ। ਲੋਕਾਇਤ ਮਤ ਦੀਆਂ ਇਨ੍ਹਾਂ ਦਾਰਸ਼ਨਿਕ ਧਾਰਣਾਵਾਂ ਪ੍ਰਭਾਵ ਬਾਦ ਵਿਚ ਸਹਿਜਯਾਨੀ ਬੋਧ ਪਰੰਪਰਾ ਅਤੇ ਗੁਰਬਾਣੀ ਦੀ ਨਿਕਟ-ਸਮਕਾਲੀ ਸਿੱਧ-ਨਾਥ-ਸੰਤ ਪਰੰਪਰਾ ਵਿਚ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਬਾਣੀਕਾਰਾਂ ਨੇ

---

[4] " . . . philosophy in India started as materialism. It was called *Swabhava vada* (naturalism). The *Vedas* and early *Upanishads* refer to *Swabhava vada* and its concepts. The latter rejected the Gods of natural religion. and the dominance of the priests, which were the products of the Vedas: for them, perception could be the sole source of knowledge. It must be, however, clarified that the references to *Swabhava vada* and its doctrines censured the *Vedas,* and the early *Upanishads* were made only for the purpose of refuting them.." Avula Sambasiva Rao, **The Materialistic Thought In India.** Atheist Centre 1940-1990 Golden Jubilee International Conference Souvenir Vijayawada, February 3, 4, and 5, 1990.

ਲੋਕਾਇਤ ਦੇ ਵੇਦ, ਬ੍ਰਾਹਮਣ, ਕਰਮਕਾਂਡ, ਅਤੇ ਜਾਤੀ-ਪ੍ਰਥਾ ਵਿਰੋਧੀ ਸੁਰ ਨਾਲ ਤਾਂ ਸਹਿਮਤੀ ਪ੍ਰਗਟਾਈ ਪਰ ਇਸਦੇ ਭੌਤਿਕਵਾਦੀ / ਅਨੀਸ਼ਵਰਵਾਦੀ ਫਲਸਫੇ ਨੂੰ ਅਤੇ ਇਸਦੀਆਂ ਕਾਲ ਸੰਬੰਧੀ ਧਾਰਣਾਵਾਂ ਨੂੰ ਪ੍ਰਵਾਨ ਨਹੀਂ ਕੀਤਾ।

ਭਾਰਤੀ ਦਰਸ਼ਨ ਦੀ ਦੂਸਰੀ ਮਹੱਤਵਪੂਰਣ ਪਰੰਪਰਾ ਵੈਦਿਕ ਪਰੰਪਰਾ ਹੈ। ਇਸਦੇ ਸਰੋਤ ਰਿਗਵੇਦ ਦੀਆਂ ਰਿਚਾਵਾਂ, ਖ਼ਾਸ ਤੌਰ ਤੇ ਨਾਸਦੀਯ ਸੂਕਤ ਅਤੇ ਪੁਰਸ਼ ਸੂਕਤ ਵਿਚ ਮਿਲਦੇ ਹਨ। ਵੇਦਾਂ ਅਤੇ ਉਪਨਿਸ਼ਦਾਂ ਤੋਂ ਬਾਦ ਸੂਤਰ-ਗ੍ਰੰਥਾਂ ਦੀ ਰਚਨਾ ਹੋਈ ਜਿਨ੍ਹਾਂ ਵਿਚ ਪਹਿਲੀ ਵਾਰ ਸਿਲਸਿਲੇਵਾਰ ਢੰਗ ਨਾਲ ਦਾਰਸ਼ਨਿਕ ਵਿਚਾਰਾਂ ਦਾ ਪ੍ਰਗਟਾਵਾ ਸਾਮ੍ਹਣੇ ਆਇਆ। ਇਸ ਸੰਦਰਭ ਵਿਚ ਬਾਦਰਾਇਣ ਦੇ ਬ੍ਰਹਮ-ਸੂਤਰ, ਜੈਮਨੀ ਦੇ ਮੀਮਾਂਸਾ-ਸੂਤਰ, ਗੌਤਮ ਦੇ ਨਿਆਇ-ਸੂਤਰ, ਕਣਾਦ ਦੇ ਵੈਸ਼ੇਸ਼ਿਕ-ਸੂਤਰ, ਕਪਿਲ ਦੇ ਸਾਂਖ-ਸੂਤਰ ਅਤੇ ਪਾਤੰਜਲੀ ਦੇ ਯੋਗ-ਸੂਤਰ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਨ੍ਹਾਂ ਸੂਤਰ-ਗ੍ਰੰਥਾਂ ਵਿਚ ਵੇਦਾਂ ਅਤੇ ਉਪਨਿਸ਼ਦਾਂ ਦੇ ਦਾਰਸ਼ਨਿਕ ਵਿਚਾਰਾਂ ਦਾ ਸੰਗ੍ਰਹਿ ਮਿਲਦਾ ਹੈ। ਇਸ ਤਰ੍ਹਾਂ ਬ੍ਰਹਮ-ਸੂਤਰ ਹੀ ਵੇਦਾਂਤ ਦਾ ਸੱਭ ਤੋਂ ਪਹਿਲਾ ਕ੍ਰਮਬੱਧ ਗ੍ਰੰਥ ਹੈ। ਇਸ ਤੋਂ ਬਾਦ ਸੂਤਰ-ਗ੍ਰੰਥਾਂ ਦੇ ਟੀਕੇ ਅਤੇ ਭਾਸ਼ ਲਿਖੇ ਗਏ। ਵੇਦਾਂਤ ਦੇ ਅੰਤਰਗਤ ਬਾਦਰਾਇਣ ਦੇ ਬ੍ਰਹਮ-ਸੂਤਰਾਂ ਦੇ ਭਿੰਨ-ਭਿੰਨ ਭਾਸ਼ ਲਿਖੇ ਗਏ। ਮਿਸਾਲ ਵਜੋਂ ਸ਼ੰਕਰ, ਰਾਮਾਨੁਜ, ਸ਼੍ਰੀਕੰਠ, ਮੱਧਵ, ਵੱਲੱਭ, ਨਿਬਾਰਕ ਅਤੇ ਬਲਦੇਵ ਆਦਿ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚ ਭਸ਼ਕਾਰਾਂ (ਆਚਾਰੀਆਂ) ਨੇ ਆਪੋ ਆਪਣੇ ਮਤਾਂ ਦੀ ਪੁਸ਼ਟੀ ਕੀਤੀ ਹੈ।

ਵੇਦ, ਬ੍ਰਾਹਮਣ ਅਤੇ ਸੰਸਕ੍ਰਿਤ ਨੂੰ ਕੇਂਦਰੀ ਮਹੱਤਵ ਪ੍ਰਦਾਨ ਕਰਨ ਵਾਲੀ ਇਸ ਵੇਦਾਂਤਕ ਪਰੰਪਰਾ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਹ ਵਸਤੂ ਜਗਤ ਅਤੇ ਮਾਨਵੀ ਯਥਾਰਥ ਨੂੰ ਪਰਮ ਯਥਾਰਥ (ultimate reality) ਦੇ ਹਵਾਲੇ ਨਾਲ ਪਰਿਭਾਸ਼ਿਤ ਕਰਨ ਦਾ ਉਪਰਾਲਾ ਕਰਦੀ ਹੈ। ਇਹ ਵੇਦਾਂ ਨੂੰ ਪਰਮਾਰਥਕ ਗਿਆਨ ਦਾ ਅਨਾਦੀ ਸੋਮਾ ਮੰਨਦੀ ਹੈ ਅਤੇ ਅਨੁਭਵ-ਸਿੱਧ ਪ੍ਰਮਾਣਾਂ ਦੇ ਨਾਲ ਨਾਲ ਵੇਦ-ਵਾਕ ਨੂੰ ਵੀ ਪ੍ਰਮਾਣ ਵਜੋਂ ਸਥਾਪਿਤ ਕਰਦੀ ਹੈ। ਇਸ ਮੰਤਵ ਲਈ ਇਹ ਪਰਮ ਯਥਾਰਥ / ਪਰਮ ਹੋਂਦ ਦੇ ਲਖਾਇਕ '**ਬ੍ਰਹਮ**' ਦਾ ਸੰਕਲਪ ਪੇਸ਼ ਕਰਦੀ ਹੈ ਜੋ ਅਮਰ, ਅਵਿਨਾਸ਼ੀ ਅਤੇ ਸਰਬਕਾਲੀ ਸੱਚ ਦਾ ਪ੍ਰਤੀਕ ਹੈ। ਅਜੋਕੀ ਸ਼ਬਦਾਵਲੀ ਵਿਚ ਬ੍ਰਹਮ ਵੇਦਾਂਤਕ ਪਰੰਪਰਾ ਦੀ ਵਿਸ਼ਵ-ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਨ ਵਾਲਾ ਪਾਰਗਾਮੀ ਚਿਹਨਕ (transcendenal signifier) ਹੋ ਨਿਬੜਦਾ ਹੈ। ਸਮੁੱਚੇ ਤੌਰ ਤੇ ਇਸ ਪਰੰਪਰਾ ਦਾ ਵਿਸ਼ਵ-ਦ੍ਰਿਸ਼ਟੀ ਕੋਣ ਅਧਿਆਤਮਵਾਦੀ ਹੈ। ਇਹ ਦਿਸਦੇ ਜਗਤ ਅਤੇ ਸਮੁੱਚੀ ਕਾਇਨਾਤ ਨੂੰ ਬ੍ਰਹਮ ਦੀ ਸਿਰਜਣਾ ਮੰਨਣ ਦਾ ਤਸੱਵਰ ਪੇਸ਼ ਕਰਦੀ ਹੈ। ਬ੍ਰਹਮ ਦੀ ਕਾਲ-ਅਤੀਤ ਸਦੀਵੀ ਹੋਂਦ ਦੇ ਮੁਕਾਬਲੇ ਉੱਤੇ **ਜਗਤ** ਦੀ ਹੋਂਦ ਛਿਣਭੰਗਰ ਹੈ। ਇਹ ਉਤਪੱਤੀ ਅਤੇ ਪ੍ਰਲੈ ਦੇ ਦੈਵੀ ਵਿਧਾਨ ਅਨੁਸਾਰ ਉਪਜਦਾ ਬਿਨਸਦਾ ਹੈ। ਇਸ ਪਰੰਪਰਾ ਦੀ ਪਰਾਭੌਤਿਕ / ਮਿਥਿਹਾਸਕ ਪਰਿਕਲਪਨਾ ਅਨੁਸਾਰ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਦੀ ਤ੍ਰਿ-ਮੂਰਤੀ ਬ੍ਰਹਮ ਦੇ ਇਸ ਦੈਵੀ ਵਿਧਾਨ ਦੀ ਪ੍ਰਤਿਨਿਧਤਾ ਕਰਦੀ ਹੈ - ਬ੍ਰਹਮਾ ਜਗਤ ਦਾ ਸਿਰਜਣਹਾਰ (ਕਰਤਾ) ਹੈ, ਵਿਸ਼ਣੂ ਉਸਦਾ ਪਾਲਣਹਾਰ (ਧਰਤਾ) ਹੈ ਅਤੇ ਮਹੇਸ਼ ਜਾਂ ਸ਼ਿਵ ਉਸਦਾ ਵਿਨਾਸ਼ਕ (ਹਰਤਾ) ਹੈ। ਇਸ ਤਰ੍ਹਾਂ ਵੈਦਿਕ ਪਰੰਪਰਾ ਵਿਚ **ਜਗਤ** ਦੇ ਨਾਲ ਨਾਲ **ਸੰਸਾਰ** ਦਾ ਸੰਕਲਪ ਵੀ ਪੇਸ਼ ਹੋਇਆ ਹੈ। ਭਾਵੇਂ ਇਹ ਦੋਵੇਂ ਸੰਕਲਪ ਇਕ ਦੂਸਰੇ ਨਾਲ ਮਿਲਦੇ ਜੁਲਦੇ ਹਨ ਪਰ ਦਾਰਸ਼ਨਿਕ ਦ੍ਰਿਸ਼ਟੀ ਤੋਂ ਇਨ੍ਹਾਂ ਵਿਚ ਅੰਤਰ-ਨਿਖੇੜਾ ਵੀ ਕੀਤਾ ਗਿਆ ਹੈ। ਜਗਤ ਮੂਲ ਰੂਪ ਵਿਚ ਰਚਨਾ ਹੈ ਇਸਦਾ ਸੰਬੰਧ ਰਚਣਹਾਰ ਨਾਲ ਹੈ ਜਦੋਂ ਕਿ ਸੰਸਾਰ ਜਨਮ ਮਰਣ ਦੇ ਚੱਕਰ ਦਾ ਨਾਮ ਹੈ ਜਿਸਦਾ ਸੰਬੰਧ ਮਨੁੱਖ ਨਾਲ ਹੈ। ਇਸੇ ਨਾਸ਼ਮਾਨ ਸੰਸਾਰ ਵਿਚ ਮਨੁੱਖ ਦੀ ਹੋਂਦ ਹੈ। ਮਨੁੱਖ ਭੌਤਿਕ ਜਗਤ ਵਿਚ ਜੰਮਦਾ ਹੈ ਪਰ ਉਸਦੀ ਹੋਂਦ ਨਿਰੋਲ ਭੌਤਿਕ ਨਹੀਂ। ਉਸ ਵਿਚ ਅਧਿਆਤਮਕਤਾ ਦਾ ਅੰਸ਼ ਵੀ ਮੌਜੂਦ ਹੈ। ਇਸ ਪਰੰਪਰਾ ਵਿਚ ਮਨੁੱਖ ਨੂੰ ਜੀਵਾਤਮਾ ਦੇ ਰੂਪ ਵਿਚ ਸੰਕਲਪਿਆ ਗਿਆ ਹੈ ਜੋ ਜਗਤ ਵਿਚ ਰਹਿੰਦਾ ਹੋਇਆਂ ਵੀ ਉਸ ਨਾਲੋਂ

ਕਈ ਪੱਖਾਂ ਤੋਂ ਭਿੰਨ ਤੇ ਵਿਲੱਖਣ ਹੈ। ਇਸ ਧਾਰਣਾ ਅਨੁਸਾਰ ਮਨੁੱਖ ਦੀ ਹੋਂਦ ਦੇ ਦੋ ਧਰਾਤਲ ਹਨ – ਸਰੀਰ ਅਤੇ ਆਤਮਾ। ਮਨੁੱਖ ਦਾ ਸਰੀਰ ਪੰਜ-ਭੂਤਕ ਹੈ। ਅਰਥਾਤ ਇਹ ਪੰਜ ਭੌਤਿਕ ਤੱਤਾਂ (ਪੌਣ, ਪਾਣੀ, ਅਗਨੀ, ਧਰਤੀ ਅਤੇ ਆਕਾਸ਼) ਦਾ ਬਣਿਆਂ ਹੋਇਆ ਹੈ। ਉਸਨੂੰ ਆਪਣੀ ਸੰਸਾਰਕ ਹੋਂਦ ਨੂੰ ਬਚਾਈ ਰੱਖਣ ਲਈ ਸਰੀਰ ਦੇ ਜੀਵਾਤਮਕ ਅਤੇ ਭੌਤਿਕ ਤਕਾਜ਼ੇ ਵੀ ਪੂਰੇ ਕਰਨੇ ਪੈਂਦੇ ਹਨ ਅਤੇ ਆਪਣੀ ਸੰਸਾਰਕ ਸਥਿਤੀ ਅਨੁਸਾਰ ਕਰਮ ਵੀ ਕਮਾਉਣੇ ਪੈਂਦੇ ਹਨ। ਇਸਦੇ ਮੁਕਾਬਲੇ ਤੇ ਆਤਮਾ (ਜੀਵ) ਮੂਲ ਰੂਪ ਵਿਚ ਬ੍ਰਹਮ ਦਾ ਅੰਗ ਜਾਂ ਅੰਸ਼ ਹੈ। ਇਹ ਬ੍ਰਹਮ ਵਾਂਗ ਵੀ ਅਮਰ ਤੇ ਅਵਿਨਾਸ਼ੀ ਹੈ। ਇਸਦੀ ਅੰਤਿਮ ਮੰਜ਼ਿਲ ਬ੍ਰਹਮ ਵਿਚ ਲੀਨ ਹੋਣਾ ਹੈ।

ਵੇਦਾਂਤ ਦੀ ਸਰਬੋਤਮ ਅਤੇ ਪ੍ਰਾਮਾਣਿਕ ਵਿਆਖਿਆ ਅਦਵੈਤ ਵੇਦਾਂਤ ਦੇ ਰੂਪ ਵਿਚ ਸਾਮ੍ਹਣੇ ਆਈ ਜਿਸਦਾ ਪ੍ਰਮੁੱਖ ਪ੍ਰਵਕਤਾ ਆਦਿ ਸ਼ੰਕਰਾਚਾਰੀਆ ਨੂੰ ਮੰਨਿਆਂ ਗਿਆ ਹੈ। ਸ਼ੰਕਰਾਚਾਰੀਆ ਨੇ ਆਪਣੀ ਪੁਸਤਕ 'ਵਿਵੇਕ ਚੂੜਾਮਣੀ' ਵਿਚ ਬ੍ਰਹਮ, ਜਗਤ ਅਤੇ ਜੀਵ ਦੀ ਹੋਂਦ-ਅਵਸਥਾ ਬਾਰੇ ਸੂਤਰ ਸ਼ੈਲੀ ਵਿਚ ਨਿਮਨ-ਅੰਕਿਤ ਕਥਨ ਕੀਤਾ ਹੈ ਜੋ ਇਸ ਵਿਸ਼ਵ-ਦ੍ਰਿਸ਼ਟੀ ਦਾ ਬੁਨਿਆਦੀ ਦਾਰਸ਼ਨਿਕ ਆਧਾਰ ਹੋ ਨਿਬੜਦਾ ਹੈ :

ब्रहम सत्यम जगन्मिथ्या जीवौ ब्रहमेव न पराः

ਅਰਥਾਤ ਬ੍ਰਹਮ ਸੱਚ ਹੈ, ਜਗਤ ਮਿਥਿਆ ਹੈ ਅਤੇ ਜੀਵ ਬ੍ਰਹਮ ਹੀ ਹੈ ਕੋਈ ਹੋਰ ਨਹੀਂ। ਸ਼ੰਕਰਾਚਾਰੀਆ ਅਨੁਸਾਰ ਬ੍ਰਹਮ ਜਾਂ ਪਾਰਬ੍ਰਹਮ ਸ਼ੁਧ ਚੇਤਨਾ (cin-matram) ਹੈ। ਇਹੀ ਹੋਂਦ ਦਾ ਅੰਤਿਮ ਧਾਰਾਤਲ ਹੈ।[5] ਇਸਦੇ ਮੁਕਾਬਲੇ ਤੇ ਜਗਤ ਦੀ ਹੋਂਦ ਮਾਇਆਵੀ ਹੈ। ਅਰਥਾਤ ਇਹ ਭਰਮ-ਮੂਲਕ ਚੇਤਨਾ ਜਾਂ ਅਵਿਦਿਆ ਦਾ ਪਰਿਣਾਮ ਹੈ। ਅਜਿਹਾ ਨਹੀਂ ਕਿ ਇਹ ਫਲਸਫਾ ਜਗਤ ਦੀ ਹੋਂਦ ਤੋਂ ਉੱਕਾ ਹੀ ਇਨਕਾਰੀ ਹੈ। ਅਨੁਭਵ ਦੇ ਸੱਚ ਨੂੰ ਕੋਈ ਕਿਵੇਂ ਨਕਾਰ ਸਕਦਾ ਹੈ? ਅਦਵੈਤ ਵੇਦਾਂਤ ਨੇ ਇਸ ਮਸਲੇ ਦਾ ਹੱਲ ਪਰਮਾਰਥਕ ਸੱਚ ਅਤੇ ਵਿਵਹਾਰਕ ਸੱਚ ਦੇ ਸੰਕਲਪ ਰਾਹੀਂ ਤਲਾਸ਼ ਕਰਨ ਦਾ ਉਪਰਾਲ ਕੀਤਾ ਹੈ। ਅਰਥਾਤ ਜਗਤ ਦੀ ਹੋਂਦ ਹੈ ਵੀ ਤੇ ਨਹੀਂ ਵੀ। ਇਹ ਸੁਪਨੇ ਵਰਗਾ ਸੱਚ ਹੈ ਜਿਸਦੀ ਅਸਲੀਅਤ ਕੋਈ ਨਹੀਂ। ਇਸ ਮਾਇਆਵੀ ਸੰਸਾਰ ਵਿਚ ਰਹਿਣ ਵਾਲਾ ਜੀਵ ਜਦੋਂ ਤਕ ਭਰਮ-ਚੇਤਨਾ ਦਾ ਸ਼ਿਕਾਰ ਰਹਿੰਦਾ ਹੈ ਓਦੋਂ ਤਕ ਉਹ ਬੰਧਨ ਵਿਚ ਰਹਿੰਦਾ ਹੈ। ਇਸ ਬੰਧਨ ਤੋਂ ਮੁਕਤੀ ਦਾ ਇਕੋ ਇਕ ਵਸੀਲਾ ਹੈ। ਉਹ ਹੈ ਪਰਮਾਰਥਕ ਗਿਆਨ।[6]

---

[5] "The abstract and impersonal Absolute or principle of reality in Hindu thought. In itself the Absolute [Brahman] is pure and unchanging, and is completely incompatible with attributes." Leaman, Oliver, **Key Concepts in Eastern Philosophy**, Routledge, London, 2004, p – 49.

[6] "Some of the most important schools of Hinduism have taught that one can know Reality directly through *jnana*, enlightenment. Various approaches to *jnana* are advocated in the Hindu books. . . . The philosophical basis for this approach has been formulated by teachers such as Shankara. . . .it is man's task to overcome *maya*, the illusion that the physical world is real, and to see Absolute Reality beyond this." see **Moksha** http://www.glossary.religiousbook.net/terms/moksha.html

ਅਦਵੈਤ ਵੇਦਾਂਤ ਦੀ ਇਸ ਗਿਆਨਵਾਦੀ ਤੱਤ-ਮੀਮਾਂਸਾ ਅਨੁਸਾਰ ਕਾਲ / ਮੌਤ ਦੇ ਸੰਕਲਪ ਨੂੰ ਵੀ ਸਹਿਜੇ ਹੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸ ਦੀ ਮੂਲ ਧਰਣਾ ਇਹ ਹੈ ਕਿ ਮਨੁੱਖ ਦਾ ਹੋਂਦ-ਮੁਖੀ ਸਰੋਕਾਰ ਕਾਲ ਜਾਂ ਮੌਤ ਨੂੰ ਸਹੀ ਪਰਿਪੇਖ ਵਿਚ ਰੱਖ ਕੇ ਦੇਖਣ ਨਲ ਸੰਬੰਧ ਰੱਖਦਾ ਹੈ। ਇਸਦੇ ਅਨੁਸਾਰ ਗਿਆਨ ਹੀ ਮੁਕਤੀ ਹੈ। ਜਦੋਂ ਅਸੀਂ ਕਾਲ ਅਤੇ ਮੌਤ ਦੀ ਇਸ ਵੇਦਾਂਤਕ ਸੰਕਲਪਨਾ ਨੂੰ ਲੋਕਾਇਤ ਮਤ ਦੇ ਪਰਿਪੇਖ ਵਿਚ ਰੱਖ ਕੇ ਵਾਚਦੇ ਹਾਂ ਤਾਂ ਦੋਹਾਂ ਵਿਚਲਾ ਧਰੁਵੀ ਅੰਤਰ ਸਜਿਹੇ ਹੀ ਸਪਸ਼ਟ ਹੋ ਜਾਂਦਾ ਹੈ। ਲੋਕਾਇਤ ਅਨੁਸਾਰ ਮਨੁੱਖ ਦੀ ਹੋਂਦ ਭੌਤਿਕ ਤੱਤਾਂ ਦੇ ਮਿਸ਼੍ਰਣ ਉੱਤੇ ਨਿਰਭਰ ਕਰਦੀ ਹੈ ਅਤੇ ਮਰਨਾ ਹੀ ਮੁਕਤੀ ਹੈ। ਇਸ ਚਿੰਤਨ ਅਨੁਸਾਰ ਮੌਤ ਇਕ ਸੁਭਾਵਕ ਘਟਨਾ ਹੈ ਜਿਸਦਾ ਕੋਈ ਉਪਚਾਰ ਨਹੀਂ। ਮੌਤ ਤੋਂ ਬਾਦ ਜੀਵ ਦੀ ਹੋਂਦ ਦਾ ਕੋਈ ਪਾਰਗਾਮੀ ਪਰਾਭੌਤਿਕ ਆਧਾਰ ਨਹੀਂ ਕਿਉਂ ਜੋ ਜੀਵ ਦਾ ਕੋਈ ਅਮਰ ਅਧਿਆਤਮਕ ਤੱਤ ਹੈ ਹੀ ਨਹੀਂ। ਇਹੀ ਕਾਰਣ ਹੈ ਲੋਕਾਇਤ ਦੇ ਦਾਰਸ਼ਨਿਕ ਚਿੰਤਨ ਵਿਚ ਮੁਕਤੀ ਦੇ ਸਮੱਸਿਆਕਾਰ ਨੂੰ ਕੋਈ ਥਾਨ ਨਹੀਂ ਦਿੱਤਾ ਗਿਆ। ਮਨੁੱਖੀ ਹੋਂਦ ਦੀ ਸਮੱਸਿਆ ਮੌਤ ਤੋਂ ਪਹਿਲਾਂ ਦੀ ਹੈ ਮੌਤ ਤੋਂ ਬਾਦ ਦੀ ਨਹੀਂ।

ਲੋਕਾਇਤ ਅਤੇ ਵੇਦਾਂਤ ਦੇ ਕਾਲ ਸੰਬੰਧੀ ਚਿੰਤਨ ਦਾ ਅਧਿਐਨ ਕਰਨ ਤੋਂ ਬਾਦ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਕਾਲ / ਮੌਤ ਸੰਕਲਪ ਦੀ ਤੁਲਨਾਤਮਕ ਵਿਆਖਿਆ ਕਰ ਸਕਦੇ ਹਾਂ। ਰਤਾ ਕੁ ਗਹੁ ਨਾਲ ਵਾਚਿਆਂ ਇਸਦੇ ਸਿਰਜਿਤ ਪ੍ਰਵਚਨ ਵਿਚ ਇਨ੍ਹਾਂ ਸਮਕਾਲੀ ਅਤੇ ਪੂਰਬਕਾਲੀ ਚਿੰਤਨ ਪ੍ਰਣਾਲੀਆਂ ਦੀਆਂ ਅਨੇਕਾਂ ਅੰਤਰ-ਦ੍ਰਿਸ਼ਟੀਆਂ ਅਤੇ ਦਾਰਸ਼ਨਿਕ ਤੰਦਾਂ ਦੀ ਗੂੰਜ ਸੁਣਾਈ ਦਿੰਦੀ ਹੈ। ਪਰ ਬਾਣੀਕਾਰਾਂ ਨੇ ਆਪਣੇ ਵਿਰਸੇ ਦੀਆਂ ਇਨ੍ਹਾਂ ਚਿੰਤਨ-ਪ੍ਰਣਾਲੀਆਂ ਨੂੰ ਇੰਨ-ਬਿੰਨ ਪੁਨਰ-ਸਥਾਪਿਤ ਕਰਨ ਦੀ ਚੇਸ਼ਟਾ ਨਹੀਂ ਕੀਤੀ ਸਗੋਂ ਇਨ੍ਹਾਂ ਨੂੰ ਅੰਤਰ-ਸੰਵਾਦ ਦੀ ਪ੍ਰਕਿਰਿਆ ਵਿਚ ਢਾਲ ਕੇ ਸਮਕਾਲੀ ਸਰੋਕਾਰਾਂ ਦੇ ਹਵਾਲੇ ਨਾਲ ਨਵੇਂ ਪ੍ਰਵਚਨ ਦੀ ਉਸਾਰੀ ਕੀਤੀ ਹੈ। ਮੁੱਢਲੀ ਗੱਲ ਇਹ ਹੈ ਕਿ ਗੁਰਬਾਣੀ ਦਾ ਸੰਬੰਧ ਭਾਰਤੀ ਇਤਿਹਾਸ ਦੇ ਉਸ ਦੌਰ ਨਾਲ ਹੈ ਜਿਸਨੂੰ ਮੱਧਕਾਲੀ ਚੇਤਨਾ ਅਤੇ ਸੰਵੇਦਨਾ ਦਾ ਦੌਰ ਆਖਿਆ ਜਾਂਦਾ ਹੈ। ਇਸ ਦੌਰ ਦੇ ਮਨੁੱਖ ਦੀ ਸੋਚ ਮੁੱਖ ਤੌਰ ਤੇ ਈਸ਼ਵਰਵਾਦੀ ਜਾਂ ਰੱਬ-ਕੇਂਦ੍ਰਿਤ (God-centred) ਹੈ ਅਤੇ ਉਸਦੀ ਵਿਸ਼ਵ-ਦ੍ਰਿਸ਼ਟੀ ਅਧਿਆਤਮਕ ਹੈ। ਬਾਣੀਕਾਰਾਂ ਦੀ ਇਸ ਵਿਸ਼ਵ-ਦ੍ਰਿਸ਼ਟੀ ਦੇ ਪਿਛੋਕੜ ਵਿਚ ਮੁੱਖ ਤੌਰ ਤੇ ਭਾਰਤੀ ਦਰਸ਼ਨ ਦੀ ਅਧਿਆਤਮਵਾਦੀ ਪਰੰਪਰਾ ਕਾਰਜਸ਼ੀਲ ਦਿਖਾਈ ਦਿੰਦੀ ਹੈ। ਇਹੀ ਕਾਰਨ ਹੈ ਕਿ ਇਹ ਜੀਵ ਅਤੇ ਜਗਤ ਦੀ ਵਿਆਖਿਆ ਪਰਮ ਪਰਾਤਪਰ ਦੈਵੀ ਸੱਤਾ ਦੇ ਹਵਾਲੇ ਨਾਲ ਕਰਨ ਵਲ ਰੁਚਿਤ ਹੁੰਦੀ ਹੈ।

ਗੁਰਬਾਣੀ ਦੇ ਸਿਰਜਿਤ ਸੰਸਾਰ ਵਿਚ ਪਾਰਗਾਮੀ ਦੈਵੀ ਸੱਤਾ ਨੂੰ ਕੇਂਦਰੀ ਮਹੱਤਵ ਪ੍ਰਦਾਨ ਕੀਤਾ ਗਿਆ ਹੈ। ਬਾਣੀਕਾਰਾਂ ਨੇ ਇਸਨੂੰ ਆਪਣੇ ਚਿੰਤਨ ਦਾ ਮੂਲ ਆਧਾਰ ਬਣਾਇਆ ਹੈ। ਪਰ ਇਸ ਦੈਵੀ ਸੱਤਾ ਲਈ ਉਨ੍ਹਾਂ ਨੇ ਕਿਸੇ ਇਕ ਧਰਮ ਜਾਂ ਸੰਪ੍ਰਦਾਇ ਦੇ ਸੰਕਲਪਾਂ ਦੀ ਵਰਤੋਂ ਨਹੀਂ ਕੀਤੀ ਸਗੋਂ ਇਸਨੂੰ ਅਨੇਕਾਂ ਪ੍ਰਚੱਲਤ ਨਾਮਾਂ ਨਾਲ ਸੰਬੋਧਨ ਕੀਤਾ ਹੈ। ਅਜੋਕੀ ਸ਼ਬਦਾਵਲੀ ਅਨੁਸਾਰ ਦੈਵੀ ਸੱਤਾ ਦਾ ਇਹ ਸੰਕਲਪ ਗੁਰਬਾਣੀ ਦੇ ਸਿਰਜਿਤ ਪਾਠ ਵਿਚ ਪਰਮ-ਚਿਹਨ ਦੀ ਭੂਮਿਕਾ ਨਿਭਾਉਂਦਾ ਹੈ ਅਤੇ ਇਸਦੇ ਪ੍ਰਵਚਨ ਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ।

ਗੁਰਬਾਣੀ ਦੇ ਸਿਰਜਿਤ ਪ੍ਰਵਚਨ ਵਿਚ ਜੀਵ ਅਤੇ ਜਗਤ ਦੇ ਸੰਕਲਪ ਵੀ ਕੇਂਦਰੀ ਮਹੱਤਵ ਰੱਖਦੇ ਹਨ। ਇਸ ਵਿਚ ਜਗਤ ਨੂੰ ਬ੍ਰਹਮ ਦੀ ਸਿਰਜਣਾ ਮੰਨਿਆਂ ਗਿਆ ਹੈ। ਬ੍ਰਹਮ ਦੀ ਪਰਮ ਪਰਾਤਪਰ ਦੈਵੀ ਹੋਂਦ ਦੀ ਤੁਲਨਾ ਵਿਚ ਇਸਦੀ ਹੋਂਦ ਨੂੰ ਅਸਥਾਈ ਅਤੇ ਨਾਸ਼ਮਾਨ ਵੀ ਮੰਨਿਆਂ ਗਿਆ ਹੈ ਅਤੇ ਸੁਪਨੇ ਵਾਂਗ ਮਾਇਆਵੀ ਵੀ। ਜ਼ਾਹਰ ਹੈ ਕਿ ਬਾਣੀਕਾਰਾਂ ਦਾ ਇਹ ਸੰਕਲਪ ਭਾਰਤੀ ਪਰੰਪਰਾਵਾਂ ਨਾਲ ਸੰਵਾਦ ਦੀ ਦੱਸ ਪਾਉਂਦਾ ਹੈ। ਜੇ ਅਸੀਂ ਬ੍ਰਹਮ ਤੋਂ ਗੱਲ ਸ਼ੁਰੂ ਕਰੀਏ ਤਾਂ ਪਤਾ

ਚੱਲਦਾ ਹੈ ਕਿ ਇਹ ਦਿਸਦੇ ਜਗਤ ਦੀ ਸਿਰਜਣਹਾਰ ਸ਼ਕਤੀ ਵੀ ਹੈ ਅਤੇ ਉਸਦਾ ਪਰਮ ਸੱਚ ਵੀ। ਜਗਤ ਇਸ ਪਾਰਗਾਮੀ ਹਸਤੀ ਦੀ ਸਿਰਜਣਾ ਹੈ ਅਤੇ ਬ੍ਰਹਮ ਦੇ ਸਿਰਜੇ ਹੋਏ ਇਸ ਜਗਤ ਵਿਚ ਮਨੁੱਖ ਦੀ ਹੋਂਦ ਹੈ। ਇਸ ਅਨੁਸਾਰ ਮਨੁੱਖ ਇਕ ਅਜਿਹਾ ਦਹੇਧਾਰੀ ਜੀਵ ਹੈ ਜੋ ਜਗਤ ਅਤੇ ਬ੍ਰਹਮ ਦੋਹਾਂ ਮਾਲ ਸੰਬੰਧਿਤ ਹੈ। ਉਸਦਾ ਨਾਸ਼ਮਾਨ ਸਰੀਰ ਉਸਦਾ ਜਗਤ ਨਾਲ ਨਾਤਾ ਜੋੜਦਾ ਜਦੋਂ ਕਿ ਉਸਦੀ ਆਤਮਾ ਉਸ ਵਿਚਲੇ ਬ੍ਰਹਮ-ਤੱਤ ਜਾਂ ਜੋਤਿ ਦਾ ਪ੍ਰਕਾਸ਼ ਹੈ। ਇਸ ਤਰ੍ਹਾਂ ਮਨੁੱਖੀ ਹੋਂਦ ਦੀ ਸਮੱਸਿਆਗ੍ਰਸਤ ਸਥਿਤੀ ਦਾ ਸੰਕਲਪ ਸਾਮ੍ਹਣੇ ਆਉਂਦਾ ਹੈ। ਇਸ ਤਰ੍ਹਾਂ ਮਨੁੱਖ ਦੀ ਹੋਂਦ ਆਪਣੇ ਅੰਦਰ ਇਸ ਵਿਚਿੱਤਰ ਵਿਰੋਧਾਭਾਸ ਨੂੰ ਸੰਭਾਲੀ ਬੈਠੀ ਹੈ। ਇਸੇ ਵਿਰੋਧਾਭਾਸੀ ਜਾਂ ਸਮੱਸਿਆ-ਗ੍ਰਸਤ ਸਥਿਤੀ ਕਾਰਣ ਮਨੁੱਖ ਵਾਸਤਵਿਕਤਾ ਅਤੇ ਸੰਭਾਵਨਾ ਦੀ ਦਵੈਤ ਨੂੰ ਹੰਢਾਉਂਦਾ ਹੈ। ਉਸਦੀ ਵਾਸਤਵਿਕਤਾ ਇਹ ਹੈ ਕਿ ਉਹ ਨਾਸ਼ਮਾਨ ਜਗਤ ਵਿਚ ਨਾਸ਼ਮਾਨ ਦੇਹ ਦੇ ਰੂਪ ਵਿਚ ਵਿਚਰਦਾ ਹੈ ਪਰ ਉਸਦੇ ਅੰਦਰ ਬ੍ਰਹਮ ਦਾ ਅਵਿਨਾਸ਼ੀ ਨੂਰੀ ਅੰਸ਼ ਵੀ ਮੌਜੂਦ ਹੈ ਜੋ ਉਸਦੀ ਪਰਮਾਰਥੀ ਸੰਭਾਵਨਾ ਹੈ। ਇਸ ਦਾਰਸਨਿਕ ਪ੍ਰਬੰਧ ਦੀ ਮੋਟੀ ਜਿਹੀ ਰੂਪਰੇਖਾ ਕੁਝ ਇਸ ਤਰ੍ਹਾਂ ਬਣਦੀ ਹੈ :

1. ਮਨੁੱਖ (ਜੀਵ) ਦੇ ਸਾਮ੍ਹਣੇ ਸੱਚ ਦੇ ਅਨੁਸਾਰੀ ਹੋਣ (ਸਚਿਆਰ ਹੋਣ) ਦੀ ਰੂਹਾਨੀ ਸਮੱਸਿਆ ਹੈ।

2. ਮਨੁੱਖ ਨੂੰ ਸੱਚ ਦੇ ਅਨੁਸਾਰ ਚੱਲਣ ਲਈ ਗੁਰੂ ਦੀ ਅਧਿਆਤਮਕ ਅਗਵਾਈ ਦੀ ਲੋੜ ਹੈ। ਇਸ ਮਾਰਗ ਨੂੰ ਗੁਰਮਤਿ ਦਾ ਮਾਰਗ ਆਖਿਆ ਗਿਆ ਹੈ।

3. ਗੁਰਮਤਿ ਮਾਰਗ ਉੱਤੇ ਚੱਲਣ ਵਾਲਾ ਮਨੁੱਖ ਗੁਰਮੁਖ ਅਖਵਾਂਦਾ ਹੈ ਜੋ ਆਪਣੇ ਮਨ ਦੀ ਆਪਹੁਦਰੀ ਭਟਕਣ ਦਾ ਰਾਹ ਛੱਡ ਕੇ ਅਤੇ ਕਾਮ, ਕਰੋਧ ਲੋਭ, ਮੋਹ, ਅਤੇ ਅਹੰਕਾਰ ਦੇ ਮਾਇਆਵੀ ਪ੍ਰਪੰਚ ਵਿਚੋਂ ਨਿਕਲ ਕੇ ਗੁਰੂ ਦੇ ਸਨਮੁਖ ਹੁੰਦਾ ਹੈ।

3. ਸਬਦ ਗੁਰੂ ਹੈ ਅਤੇ ਸੁਰਤਿ ਚੇਲਾ। ਗੁਰਮੁਖ ਸਬਦ ਨਾਲ ਸੁਰਤਿ ਜੋੜਦਾ ਅਤੇ ਪਰਮ ਸਚ ਦੀ ਪ੍ਰਾਪਤੀ ਦੇ ਮਾਰਗ ਉੱਤੇ ਤੁਰ ਪੈਂਦਾ ਹੈ। ਇਸ ਰੂਹਾਨੀ ਸਫ਼ਰ ਦੀ ਆਖ਼ਰੀ ਮੰਜ਼ਿਲ ਸੱਚਖੰਡ ਹੈ ਜੋ ਬ੍ਰਹਿਮੰਡੀ ਚੇਤਨਾ ਦੀ ਲਖਾਇਕ ਸਥਿਤੀ ਮੰਨੀ ਜਾ ਸਕਦੀ ਹੈ।

ਗੁਰੂ ਗ੍ਰੰਥ ਸਾਹਿਬ ਅਨੁਸਾਰ ਕਾਲ ਦੇ ਸੰਕਲਪ ਨੂੰ ਸਪਸ਼ਟ ਕਰਨ ਲਈ ਮਨੁੱਖ ਦੀ ਹਸਤੀ ਅਤੇ ਹੋਂਦ ਨੂੰ ਮੁਕਤੀ ਅਤੇ ਬੰਧਨ ਦੇ ਸੰਦਰਭ ਵਿਚ ਰੱਖ ਕੇ ਪਰਿਭਾਸ਼ਿਤ ਕਰਨ ਦੀ ਲੋੜ ਹੈ। ਬਾਣੀਕਾਰਾਂ ਨੇ ਜਗਤ-ਰਚਨਾ ਨੂੰ ਬ੍ਰਹਮ ਦੀ ਲੀਲਾ ਜਾਂ ਖੇਲ ਆਖਿਆ ਹੈ ਜੋ ਵੈਦਿਕ ਵਿਰਸੇ ਦੀ ਅਦਵੈਤਵਾਦੀ ਪਰਾਭੌਤਿਕਤਾ ਨਾਲ ਇਸਦੀ ਸਾਂਝ ਦਾ ਸੰਕੇਤ ਹੈ। ਜਗਤ ਨੂੰ ਖੇਲ ਦੇ ਰੂਪ ਵਿਚ ਸੰਕਲਪਨਾ ਇਸਦੇ ਰਹੱਸਮਈ ਮਾਇਆਵੀ ਰੂਪ ਦਾ ਬੋਧ ਜਗਾਉਂਦਾ ਹੈ। ਇਸੇ ਖੇਲ ਰੂਪੀ ਮਾਇਆਵੀ ਸੰਸਾਰ ਵਿਚ ਮਨੁੱਖ ਨੂੰ ਸਾਜਿਆ ਗਿਆ ਹੈ :

ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥
ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥
ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥

ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥1॥[7]

ਬਾਣੀਕਾਰਾਂ ਨੇ ਮਨੁੱਖ ਦੀ ਹਸਤੀ ਅਤੇ ਹੋਂਦ ਦੇ ਇਰਦ ਗਿਰਦ ਫੈਲੇ ਹੋਏ ਰਹੱਸ ਨੂੰ ਭਾਰਤੀ ਪਰਾਭੌਤਿਕਤਾ ਦੇ ਅੰਤਰਗਤ ਪਰਿਭਾਸ਼ਿਤ ਕਰਦਿਆਂ ਆਤਮਾ ਅਤੇ ਸਰੀਰ (ਤਨ) ਦੇ ਵਿਚਿਤਰ ਸੰਜੋਗ ਵਲ ਵੀ ਇਸ਼ਾਰਾ ਕੀਤਾ ਹੈ। ਇਸ ਦ੍ਰਿਸ਼ਟੀ ਅਨੁਸਾਰ ਮਾਨਵ ਸਰੀਰ ਦੀ ਰਚਨਾ ਦੇ ਪਿਛੋਕੜ ਵਿਚ ਵੀ ਓਸੇ ਖੇਲ ਦਾ ਸੰਕਲਪ ਵਿਦਮਾਨ ਹੈ। ਇਸ ਮੰਤਵ ਲਈ ਬਾਣੀ ਰਚਨਾ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਪਉਣੈ ਪਾਣੀ ਅਗਨੀ ਕਾ ਮੇਲੁ ॥
ਚੰਚਲ ਚਪਲ ਬੁਧਿ ਕਾ **ਖੇਲੁ** ॥
ਨਉ ਦਰਵਾਜੇ ਦਸਵਾ ਦੁਆਰੁ ॥
ਬੁਝੁ ਰੇ ਗਿਆਨੀ ਏਹੁ ਬੀਚਾਰੁ ॥ 1॥
ਕਥਤਾ ਬਕਤਾ ਸੁਨਤਾ ਸੋਈ ॥
ਆਪੁ ਬੀਚਾਰੇ ਸੁ ਗਿਆਨੀ ਹੋਈ ॥1॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥
ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥2॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥3॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥4॥4॥[8]

ਬਾਣੀਕਾਰਾਂ ਨੇ ਆਪਣੇ ਜੀਵਨ ਦਰਸ਼ਨ ਅਨੁਸਾਰ ਮਾਨਵ-ਮੁਕਤੀ ਦਾ ਜੋ ਸੰਕਲਪ ਪੇਸ਼ ਕੀਤਾ ਹੈ ਉਸਦੀ ਬੁਨਿਆਦ ਮਨੁੱਖ ਦੀ ਜੀਵਾਤਮਕ / ਸੰਸਾਰਕ ਹੋਂਦ ਬਾਰੇ ਪਰਮਾਰਥਕ ਦ੍ਰਿਸ਼ਟੀ-ਬਿੰਦੂ ਉੱਤੇ ਰੱਖੀ ਗਈ ਹੈ। ਪ੍ਰਸਿੱਧ ਸਮਕਾਲੀ ਧਰਮ-ਚਿੰਤਕ Paul Tilich ਨੇ ਜਿਸ ਸਥਿਤੀ ਨੂੰ ਪਰਮ ਸਰੋਕਾਰ (ultimate concern)ਦੀ ਚੇਤਨਾ ਨਾਲ ਸੰਬੰਧਿਤ ਕੀਤਾ ਹੈ ਉਸੇ ਸਥਿਤੀ ਨੂੰ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਆਪਣੇ ਅੰਦਾਜ਼ ਵਿਚ ਉਸਾਰਦੀਆਂ ਹਨ :

[7] ਗੁਰੂ ਗ੍ਰੰਥ ਸਾਹਿਬ, ਪੰਨਾ - 138

[8] ਗੁਰੂ ਗ੍ਰੰਥ ਸਾਹਿਬ, ਪੰਨਾ - 152.

ਦਸ ਬਾਲਤਣਿ ਬੀਸ ਰਵਣਿ

ਤੀਸਾ ਕਾ ਸੁੰਦਰੁ ਕਹਾਵੈ ॥

ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ

ਸਠੀ ਕੇ ਬੋਢੇਪਾ ਆਵੈ ॥

ਸਤਰਿ ਕਾ ਮਤਿਹੀਣੁ

ਅਸੀਹਾਂ ਕਾ ਵਿਉਹਾਰੁ ਨ ਪਾਵੈ ॥

ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥

ਢੰਢੋਲਿਮੁ ਢੂਢਿਮੁ ਡਿਠੁ ਮੈ

ਨਾਨਕ ਜਗੁ ਧੂਏ ਕਾ ਧਵਲਹਰੁ ॥3॥[9]

ਬਾਣੀਕਾਰਾਂ ਨੇ ਮਨੁੱਖ ਦੀ ਮੁਕਤ-ਅਵਸਥਾ ਨੂੰ ਆਪੇ ਦੇ ਬ੍ਰਹਮ ਅਤੇ ਬ੍ਰਹਿਮੰਡ ਨਾਲ ਇਕਸੁਰ ਹੋਣ ਦੀ ਅਵਸਥਾ ਵਜੋਂ ਪਰਿਭਾਸ਼ਿਤ ਕੀਤਾ ਹੈ। ਇਹ ਮੁਕਤ-ਅਵਸਥਾ ਕਾਮਨਾ ਦੇ ਦਮਨ ਰਾਹੀਂ ਨਹੀਂ ਸਗੋਂ ਸੰਜਮ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਇਹ ਸੰਸਾਰ ਜਾਂ ਸਮਾਜ-ਸੱਭਿਆਚਾਰ ਤੋਂ ਭਾਂਜ ਦਾ ਮਾਰਗ ਨਹੀਂ ਸਗੋਂ ਸੰਸਾਰ ਦੀ ਸੰਸਰਿਕਤਾ ਤੋਂ ਨਿਰਲੇਪ ਹੋ ਕੇ ਵਿਚਰਨ ਦਾ ਮਾਰਗ ਹੈ। ਮਿਸਾਲ ਵਜੋਂ ਆਦਿ ਗ੍ਰੰਥ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ :

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥

ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥

ਗੁਰ ਕੈ ਸਬਦਿ ਸਦਾ ਹਰਿ ਧਿਆਏ

ਏਹਾ ਭਗਤਿ ਹਰਿ ਭਾਵਣਿਆ ॥[10]

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਲੋਕਾਇਤ ਅਤੇ ਵੇਦਾਂਤ ਵਰਗੀਆਂ ਪਰਸਪਰ ਵਿਰੋਧੀ ਦਾਰਸ਼ਨਿਕ ਪਰੰਪਰਾਵਾਂ ਨਾਲ ਸੰਵਾਦ ਰਚਾਉਂਦਾ ਹੈ ਅਤੇ ਮਾਨਵ-ਮੁਕਤੀ ਨਾਲ ਸੰਬੰਧਿਤ ਕਾਲ ਅਤੇ ਮੌਤ ਦੇ ਸੰਕਲਪ ਨੂੰ ਪਰਿਭਾਸ਼ਿਤ ਕਰਦਾ ਹੈ। ਰੂਹਾਨੀ ਧਰਾਤਲ ਉੱਤੇ ਇਹ ਤ੍ਰਿਸ਼ਨਾ ਜਾਂ ਕਾਮਨਾ ਦੀ ਭਟਕਣ ਤੋਂ ਮੁਕਤ ਹੋਣ ਦੀ ਅਵਸਥਾ ਮੰਨੀ ਗਈ ਹੈ। ਇਸ ਵਿਚ ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਮਨੁੱਖੀ ਜੀਵਨ ਦੇ ਪਰਮਾਰਥ ਵਲ ਸੰਕੇਤ ਕਰਨ ਵਾਲੀ ਉਪਰੋਕਤ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜੋ ਇਸਦੀ ਪੂਰਬ-ਪ੍ਰਚਲਿਤ ਪਰੰਪਰਾ ਨਾਲ ਅੰਦਰੂਨੀ ਸਾਂਝ ਦਾ ਅਹਿਸਾਸ ਜਗਾਉਂਦੀ ਹੈ। ਤਾਂ ਵੀ ਗੁਰਬਾਣੀ ਦਾ ਪ੍ਰਵਚਨ-ਵਿਧਾਨ ਇਨ੍ਹਾਂ ਪਰੰਪਰਕ ਸੰਕਲਪਾਂ ਨੂੰ ਸੰਵਾਦ ਦੀ ਪ੍ਰਕਿਰਿਆ ਵਿਚ ਪਾ ਕੇ ਅਰਥਾਂ ਦਾ ਨਵਾਂ ਪਰਿਪੇਖ ਉਸਾਰਨ ਵਲ ਰੁਚਿਤ ਹੁੰਦਾ ਹੈ। ਸਿੱਟੇ ਵਜੋਂ ਇਥੇ ਮਾਨਵ-ਮੁਕਤੀ ਅਤੇ ਕਾਲ ਦਾ ਨਵਾਂ ਸੰਕਲਪ ਉਜਾਗਰ ਹੁੰਦਾ ਹੈ ਜੋ ਇਸ ਪ੍ਰਵਚਨ ਦੇ ਕ੍ਰਾਂਤੀਕਾਰੀ ਸੁਭਾ ਦੇ ਅਨੁਰੂਪ ਹੈ।

---

[9] ਗੁਰੂ ਗ੍ਰੰਥ ਸਾਹਿਬ, ਪੰਨਾ - 138.

[10] ਓਹੀ, ਪੰਨਾ - 122.